# 4 ਹਜ਼ਾਰ ਕਰੋੜ ਦਾ ਨਵਾਂ ਬੋਝ ਕਿਵੇਂ ਝਲੇਗਾ ਪੰਜਾਬ-ਢਿੱਲੋਂ

ਧਨੌਲਾ, 24 ਜਨਵਰੀ (ਦਰਸ਼ਨ ਸਿੰਘ ਬੰਗੜ) ਪੰਜਾਬ ਦੀ ਅਕਾਲੀ-ਭਾਜਪਾ ਦੀ ਸਾਂਝੀ ਸਰਕਾਰ ਨੇ ਬੀਤੇ ਦਿਨੀ ਟੈਕਸ ਲਗਾਕੇ ਸੂਬੇ ਦੇ ਲੋਕਾਂ 'ਤੇ 4000 ਕਰੋੜ ਰੁਪਏ ਦਾ ਵਾਧੂ ਬੋਜ ਪਾਇਆ ਹੈ ਜਦੋਂ ਕਿ ਅੱਜ ਦੇ ਮਹਿੰਗਾਈ ਦੇ ਦੌਰ ਵਿਚ ਟੈਕਸ ਲਾਉਣ ਦਾ ਸਮਾਂ ਨਹੀਂ ਬਲਕਿ ਲੋਕਾਂ ਨੂੰ ਰਾਹਤ ਦੇਣ ਦਾ ਸਮਾਂ ਹੈ। ਇਹ ਵਿਚਾਰ ਪੰਜਾਬ ਪ੍ਰਦੇਸ਼ ਕਾਂਗਰਸ ਪਾਰਟੀ ਦੇ ਸੂਬਾਈ ਸੀਨੀਅਰ ਮੀਤ ਪ੍ਰਧਾਨ 'ਤੇ ਹਲਕਾ ਬਰਨਾਲਾ ਦੇ ਵਿਧਾਇਕ ਸ. ਕੇਵਲ ਸਿੰਘ ਢਿੱਲੋਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪ੍ਰਗਟ ਕੀਤੇ। ਸ. ਢਿੱਲੋਂ ਨੇ ਕਿਹਾ ਕਿ ਸਰਕਾਰ ਨੇ ਜੋ ਟੈਕਸ ਲਾਇਆ ਹੈ ਇਹ ਇਕ ਲੋਕਾਂ ਨਾਲ ਸਰਾ ਸਰ ਧੱਕਾ ਹੈ ਅਤੇ ਲੋਕਾਂ ਦਾ ਗਲਾ ਘੁੱਟਿਆ ਹੈ। ਜਿਸ ਦਾ ਕਾਂਗਰਸ ਪਾਰਟੀ ਵਿਰੋਧ ਕਰੇਗੀ। ਉਨ੍ਹਾਂ ਕਿਹਾ ਕਿ ਜਦੋਂ ਵੀ ਪੰਜਾਬ ਅੰਦਰ ਅਕਾਲੀ ਦਲ ਦੀ ਸਰਕਾਰ ਆਈ ਹੈ ਉਦੋਂ ਹੀ ਲੋਕਾਂ ਨਾਲ ਧੱਕੇਸ਼ਾਹੀਆਂ, ਮਾਰਕੁਟਾਈ, ਲੁੱਟਾ ਖੋਹਾਂ ਜਿਹਾਈ ਮਾੜੀਆਂ ਘਟਨਾਵਾਂ ਵਿਚ ਵਾਧਾ ਹੋਇਆ ਹੈ। ਉਨ੍ਹਾਂ ਸਰਕਾਰ ਨੂੰ ਆੜੇ ਹੱਥੀ ਲੈਂਦਿਆਂ ਕਿਹਾ ਕਿ ਅਕਾਲੀਆਂ ਨੂੰ ਤਾਂ ਸਰਕਾਰ ਚਲਾਉਣ ਦਾ ਪਤਾ ਹੀ ਨਹੀਂ। ਇਹ ਸਰਕਾਰ ਨੂੰ ਤਾਂ ਸਿਰਫ਼ ਧੱਕੇਸ਼ਹੀ ਕਰਨ ਤੋਂ ਸਿਵਾਏ ਕੁੱਝ ਨਹੀਂ ਆਉਂਦਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੀ ਸਹਿ 'ਤੇ ਅਫ਼ਸਰ ਸ਼ਾਹੀ ਵਲੋਂ ਆਮ ਲੋਕਾਂ ਅਤੇ ਕਾਂਗਰਸੀ ਵਰਕਰਾਂ ਉਪਰ ਕੀਤੇ ਜਾ ਰਹੇ ਝੂਠੇ ਪਰਚਿਆਂ ਸਬੰਧੀ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਲੋਂ ਪੂਰੀ ਤਰ੍ਹਾਂ ਨਿਗਾ ਰੱਖੀ ਹੋਈ ਹੈ ਅਤੇ ਸਰਕਾਰ ਨਾਲ ਮਿਲੇ ਅਫ਼ਸਰਾਂ ਦੀ ਸੂਚੀ ਲਾਲ ਡਾਇਰੀ ਵਿਚ ਨੋਟ ਕੀਤੀ ਜਾ ਰਹੀਂ ਹੈ ਜਿਨ੍ਹਾਂ ਤੋਂ ਸਰਕਾਰ ਆਉਣ 'ਤੇ ਪੂਰਾ ਹਿਸਾਬ ਲਿਆ ਜਾਵੇਗਾ ਅਤੇ ਦਰਜ ਕੀਤੇ ਝੂਠੇ ਪਰਚੇ ਰੱਦ ਕਰ ਦਿੱਤੇ ਜਾਣਗੇ। ਆਸਟ੍ਰੇਲੀਆਂ ਵਿਚ ਭਾਰਤੀ ਨੌਜਵਾਨਾਂ 'ਤੇ ਹੋ ਰਹੇ ਹਮਲਿਆਂ ਸਬੰਧੀ ਸ. ਢਿੱਲੋਂ ਨੇ ਕਿਹਾ ਕਿ ਇਸ ਸਬੰਧੀ ਮੈਂ ਕੇਂਦਰ ਸਰਕਾਰ ਦੀ ਵਿਦੇਸ਼ ਮੰਤਰੀ ਮਹਾਂਰਾਣੀ ਪ੍ਰਨੀਤ ਕੌਰ ਨੂੰ ਮਿਲਿਆ ਸੀ ਜਿਨ੍ਹਾਂ ਨੇ ਕਿਹਾ ਕਿ ਕੇਂਦਰ ਸਰਕਾਰ ਇਸ ਮਸ਼ਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਆਸਟ੍ਰੇਲੀਆ ਸਰਕਾਰ ਨਾਲ ਗੱਲ ਕਰ ਰਹੀਂ ਹੈ ਅਤੇ ਆਸਟ੍ਰੇਲੀਆ ਵਿਚ ਰਹਿੰਦੇ ਭਾਰਤੀ ਨੌਜਵਾਨਾਂ ਦੀ ਸੁਰੱਖਿਆਂ ਕਰਨ ਲਈ ਕਹਿ ਰਹੀਂ ਹੈ। ਇਸ ਮੌਕੇ ਉਨ੍ਹਾਂ ਦੇ ਨਾਲ ਪੰਜਾਬ ਪ੍ਰਦੇਸ਼ ਕਾਂਗਰਸ ਪਾਰਟੀ ਦੇ ਜ਼ਿਲਾ ਬਰਨਾਲਾ ਦੇ ਪ੍ਰਧਾਨ ਸ. ਜਗਜੀਤ ਸਿੰਘ ਧੌਲਾ, ਪੰਜਾਬ ਯੂਥ ਕਾਂਗਰਸ ਪਾਰਟੀ ਦੇ ਸਾਬਕਾ ਜਰਨਲ ਸਕੱਤਰ ਸ੍ਰੀ ਰਾਜਿੰਦਰਪਾਲ ਰਾਜੀ ਠੇਕੇਦਾਰ, ਗੁਰਜੀਤ ਸਿੰਘ ਬਰਾੜ ਪੀ.ਏ. ਵਿਧਾਇਕ ਕੇਵਲ ਸਿੰਘ ਢਿੱਲੋਂ, ਦਰਸ਼ਨ ਸਿੰਘ ਧਨੌਲਾ, ਬੂਟਾ ਸਿੰਘ, ਨਰਿੰਦਰਪਾਲ ਕਾਲਾ ਕਾਹਲੋਂ, ਲਾਲੋ, ਸਬਜ਼ੀ ਵਿਕਰੇਤਾ ਦੇ ਪ੍ਰਧਾਨ ਲਛਮਣ ਸਿੰਘ ਧਨੌਲਾ ਆਦਿ ਹਾਜਰ ਸਨ।


ਵਿਧਾਇਕ ਬਰਨਾਲਾ ਕੇਵਲ ਸਿੰਘ ਢਿੱਲੋਂ ਪ੍ਰੈਸ ਨਾਲ ਗੱਲਬਾਤ ਕਰਦੇ ਹੋਏ। ਦਰਸ਼ਨ ਸਿੰਘ ਬੰਗੜ

## ਝੂਠੇ ਪਰਚੇ ਦੀ ਨਿਖੇਧੀ-ਪੰਚ ਪ੍ਰਧਾਨੀ

ਦਮਦਮਾ ਸਾਹਿਬ (ਤਲਵੰਡੀ ਸਾਬੋ), 24 ਜਨਵਰੀ (ਜਗਦੇਵ ਸਿੰਘ)-ਅੱਜ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਪੰਚ ਪ੍ਰਧਾਨੀ ਦੀ ਮੀਟਿੰਗ ਮਾਤਾ ਮਲਕੀਤ ਕੌਰ ਕੌਮੀ ਪੰਚ ਇਸਤਰੀ ਵਿੰਗ ਦੀ ਪ੍ਰਧਾਨਗੀ ਹੇਠ ਉਨ੍ਹਾਂ ਦੇ ਨਿਵਾਸ ਸਥਾਨ ਜਗ੍ਹਾ ਰਾਮ ਤੀਰਥ ਵਿਖੇ ਹੋਈ। ਮੀਟਿੰਗ ਵਿੱਚ ਹਾਜ਼ਰ ਆਗੂਆਂ ਨੇ ਏਕ ਨੂਰ ਖਾਲਸਾ ਫੌਜ ਪੰਜਾਬ ਦੇ ਪ੍ਰਧਾਨ ਬਲਜਿੰਦਰ ਸਿੰਘ ਉਪਰ ਬਿਜਲੀ ਚੋਰੀ ਦੇ ਝੂਠੇ ਕੇਸ ਪਾ ਕੇ ਫਸਾਉਣ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ। ਆਗੂਆਂ ਨੇ ਬਲਜਿੰਦਰ ਸਿੰਘ ਉਪਰ ਝੂਠੇ ਪਰਚੇ ਨੂੰ ਸਿੱਖ ਆਗੂਆਂ ਨੂੰ ਬਦਨਾਮ ਕਰਨ ਦੀ ਸਾਜ਼ਿਸ ਕਰਾਰ ਦਿੱਤਾ ਅਤੇ ਕਿਹਾ ਕਿ ਸਰਕਾਰ ਸਰਸੇ ਵਾਲੇ ਸੌਦਾ ਸਾਧ ਨਾਲ ਮਿਲ ਕੇ ਧਰਮ ਯੁੱਧ ਮੋਰਚੇ ਨੂੰ ਅਸਫਲ ਬਣਾਉਣ ਖਾਤਰ ਹੀ ਅਜਿਹੇ ਹੱਥ ਕੰਢੇ ਅਪਨਾ ਰਹੀ ਹੈ। ਮੀਟਿੰਗ ਵਿੱਚ ਮਤਾ ਪਾਸ ਕੀਤਾ ਗਿਆ ਕਿ ਸ਼ਹੀਦੀ ਜਥੇ ਦੀ ਰਵਾਨਗੀ ਹਰ ਐਤਵਾਰ ਸਰਸੇ ਵਾਲੇ ਸਾਧ ਦੇ ਡੇਰੇ ਬੰਦ ਕਰਾਉਣ ਵਾਸਤੇ ਹੁੰਦੀ ਰਹੇਗੀ।

# ਝੂਠਾ ਦੀ ਪੰਡ ਅਤੇ ਪੱਤਰਕਾਰਤਾ ਦੀ ਚਗਲ 'ਸਪੋਕਸਮੈਨ' ਦਾ ਗਪੋੜ ਸੰਖ ਫ਼ੜਿਆ ਗਿਆ

ਜਲੰਧਰ, 24 ਜਨਵਰੀ (ਅ.ਬ.) ਝੂਠ ਦੀ ਪੰਡ ਨਾਲ ਦੁਕਾਨਦਾਰੀ ਚਲਾਉਂਦੇ ਹੋਏ ਪੰਜਾਬੀ ਜੀਵਨ ਵਿਚ ਦੁਰਗੰਧ ਫ਼ੈਲਾਅ ਕੇ ਅਤੇ ਭੰਬਲਭੂਸਾ ਪੈਦਾ ਕਰਕੇ ਪੰਜਾਬ ਦੇ ਸਮਾਜਿਕ ਅਤੇ ਧਾਰਮਿਕ ਤਾਣੇ-ਬਾਣੇ ਨੂੰ ਤਾਰ-ਤਾਰ ਕਰਨ ਦੀ ਕੋਸ਼ਿਸ਼ ਕਰ ਰਹੇ ਮੁਹਾਲੀ ਤੋਂ ਕੇਵਲ ਚੰਦ ਕੁ ਹਜ਼ਾਰ ਦੀ ਗਿਣਤੀ ਵਿਚ ਛਪਦੇ ਇਕ ਪੰਜਾਬੀ ਅਖ਼ਬਾਰ ਸਪੋਕਸਮੈਨ ਦਾ ਆਨ ਲਾਈਨ ਅਡੀਸ਼ਨ 'ਚ ਅੱਗੇ ਲੰਘ ਜਾਣ ਦਾ ਦਾਅਵਾ ਗਪੌੜ ਸੰਖ ਸਾਬਤ ਹੋਇਆ। ਤੱਥ ਅਤੇ ਦਸਤਾਵੇਜ਼ੀ ਸਬੂਤ ਇਸ ਅਖ਼ਬਾਰ ਦੇ ਦਾਅਵੇ ਨੂੰ ਬੁਰੀ ਤਰ੍ਹੰ ਝੁਠਲਾ ਰਹੇ ਹਨ। ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਦੁਰਕਾਰੇ ਗਏ ਅਤੇ ਪੱਤਰਕਾਰਤਾ ਦੀ ਚਗਲ ਇਸ ਅਖ਼ਬਾਰ ਦੇ ਸੰਪਾਦਕ ਵੱਲੋਂ ਆਪਣੀ ਆਦਤ ਅਨੁਸਾਰ ਪਿਛਲੇ ਕੁਝ ਦਿਨਾਂ ਤੋਂ ਆਪਣੇ ਵੈਬਸਾਈਟ ਐਡੀਸ਼ਨ ਦੇ ਮਾਮਲੇ ਵਿਚ ਮੋਹਰੀ ਹੋਣ ਦੇ ਨਾਂਅ 'ਤੇ ਮੁਹਿੰਮ ਵਿੱਢੀ ਹੋਈ ਸੀ ਅਤੇ ਅਖ਼ਬਾਰ ਇਸ ਨਾਮ 'ਤੇ 'ਸ਼ਾਬਾਸ਼ੇ' ਇਸ਼ਤਿਹਾਰ ਦੀ ਇੱਕਠੇ ਕਰ ਰਿਹਾ ਸੀ।

ਇਸ ਅਖ਼ਬਾਰ ਨੇ ਗਪੌੜ ਛੱਡਣ, ਕੋਰੀ ਬਕਵਾਸ ਦੇ ਆਧਾਰ 'ਤੇ ਆਮ ਪਾਠਕਾਂ, ਰਾਜਸੀ ਅਤੇ ਧਾਰਮਿਕ ਆਗੂਆਂ ਹੀ ਨਹੀਂ ਸਗੋਂ ਸਮੁੱਚੇ ਪੱਤਰਕਾਰ ਭਾਈਚਾਰੇ ਨੂੰ ਵੀ ਗੁੰਮਰਾਹ ਕਰਨ ਵਿਚ ਨਵੇਂ ਕੀਰਤੀਮਾਨ ਸਥਾਪਿਤ ਕੀਤੇ ਹਨ। ਸਿੱਖ ਸਮਾਜ ਵਿਚ ਆਪਸੀ ਨਫ਼ਰਤ ਫ਼ੈਲਾਉਣ ਵਾਲੇ ਜ਼ਹਿਰ ਦੇ ਰੂਪ ਵਿਚ ਵਿਚਰ ਰਹੇ ਇਸ ਅਖ਼ਬਾਰ ਦੇ ਸੰਪਾਦਕ ਵੱਲੋਂ ਪੰਜਾਬੀ ਦੇ ਸਿਰਮੌਰ ਅਖ਼ਬਾਰ 'ਅਜੀਤ' ਅਤੇ ਦੇਸ਼ ਦੀਆਂ ਨਾਮਵਰ ਅੰਗਰੇਜ਼ੀ ਅਖ਼ਬਾਰਾਂ ਨੂੰ ਗ਼ਲਤ ਤੱਥਾਂ ਦੇ ਆਧਾਰ 'ਤੇ ਚੁਣੌਤੀ ਦਿੰਦਿਆਂ ਇਹ ਦਾਅਵੇ ਕੀਤੇ ਜਾ ਰਹੇ ਹਨ ਕਿ ਉਸ ਦੀ ਵੈਬਸਾਈਟ ਪੰਜਾਬੀ ਅਖ਼ਬਾਰਾਂ ਵਿਚੋਂ ਹੀ ਨਹੀਂ ਸਗੋਂ ਦੇਸ਼ ਦੀਆਂ ਕੌਮਾਂਤਰੀ ਪੱਧਰ 'ਤੇ ਜਾਣੀਆਂ ਜਾਂਦੀਆਂ ਅੰਗਰੇਜ਼ੀ ਅਖ਼ਬਾਰਾਂ ਦੀਆਂ ਵੈਬਸਾਈਟਾਂ ਨਾਲੋਂ ਵੀ ਅਗਾਂਹ ਲੰਘ ਗਈ ਹੈ ਜਦਕਿ ਸੱਚ ਇਹ ਹੈ ਕਿ ਪੰਜਾਬੀ ਅਖ਼ਬਾਰਾਂ ਵਿਚ 'ਅਜੀਤ' ਨੇ ਨਾਟਕਬਾਜ਼ ਅਦਾਰਿਆਂ ਦੇ ਝੂਠੇ ਦਾਅਵਿਆਂ ਦੇ ਬਾਵਜੂਦ ਜਿੱਥੇ ਵਿਸ਼ਵ ਭਰ ਵਿਚ ਛਪਣ ਗਿਣਤੀ ਦੇ ਪੱਖੋਂ ਲਗਾਤਾਰ ਆਪਣੀ ਸਰਦਾਰੀ ਕਾਇਮ ਰੱਖੀ ਹੋਈ ਹੈ। ਉਕਤ ਅਖ਼ਬਾਰ ਵੱਲੋਂ ਲਗਾਤਾਰ ਕੀਤੇ ਜਾ ਰਹੇ ਗੁੰਮਰਾਹਕੁਨ ਦਾਅਵਿਆਂ ਦੀ ਪੋਲ ਖੁੱਲ੍ਹਣ ਨਾਲ ਇਸ ਦੀ ਪੀਲੀ ਪੱਤਰਕਾਰੀ ਨੂੰ ਰੋਕ ਲੱਗਣ ਦੀ ਸਭਾਵਨਾ ਬਣ ਗਈ ਹੈ। ਵੱਡੀ ਗੱਲ ਇਹ ਹੈ ਕਿ ਇਸ ਲਈ ਕੋਈ ਵੱਖਰੇ ਅੰਕੜੇ ਪੇਸ਼ ਕਰਨ ਦੀ ਲੋੜ ਨਹੀਂ ਪਈ, ਸਗੋਂ ਉਸੇ ਵੈਬਸਾਈਟ ਨੂੰ ਆਧਾਰ ਬਣਾ ਕੇ ਹੀ ਇਹ ਆਸਾਨੀ ਨਾਲ ਸਾਬਿਤ ਹੋ ਗਿਆ ਹੈ ਕਿ ਆਨਲਾਈਨ ਐਡੀਸ਼ਨ ਵਿਚ ਅੱਗੇ ਲੰਘ ਜਾਣ ਦੇ ਦਾਅਵੇ ਸ਼ੇਖ ਚਿੱਲੀ ਸੰਪਾਦਕ ਦੇ ਗਪੌੜ ਤੇ ਚਿੱਟਾ ਝੂਠ ਹੀ ਨਹੀਂ ਹਨ ਸਗੋਂ ਵਿਸ਼ਵ ਭਰ ਵਿਚ ਬੈਠੇ ਪੰਜਾਬੀ ਪਾਠਕਾਂ ਨਾਲ ਕੀਤਾ ਗਿਆ ਇਕ ਵੱਡਾ ਫ਼ਰਾਡ ਵੀ ਹੈ। ਇਸ ਫ਼ਰਾਡ ਦੀ ਖਿੱਦੋ ਹੁਣ ਖਿਲੇਰ ਚੁੱਕੀ ਹੈ।

**'ਆਨਲਾਈਨ' ਐਡੀਸ਼ਨ 'ਚ ਪੰਜਾਬੀ ਦੇ ਅਖ਼ਬਾਰਾਂ ਤੋਂ ਅੱਗੇ ਲੰਘ ਜਾਣ ਦਾ ਦਾਅਵਾ ਨਿਰਾ ਬਕਵਾਸ**

ਪੀਲੀ ਅਤੇ ਅਤਿ ਗ਼ੈਰ-ਜ਼ਿੰਮੇਵਾਰਾਨਾ ਪੱਤਰਕਾਰੀ ਕਰਦਿਆਂ ਪੰਥ ਦੀਆਂ ਭਾਵਨਾਵਾਂ ਨੂੰ ਭੜਕਾ ਕੇ ਕੌਮ ਵਿਚ ਵੰਡੀਆਂ ਪਾਉਣ ਲਈ ਤੀਲੀਆਂ ਜੇਬ ਵਿਚ ਪਾਈ ਫ਼ਿਰਨ ਵਾਲੇ ਇਸ ਅਖ਼ਬਾਰ ਵੱਲੋਂ, ਪਿਛਲੇ ਕੁਝ ਦਿਨਾਂ ਦੌਰਾਨ ਇੰਟਰਨੈੱਟ ਤੇ ਪੰਜਾਬੀ ਅਖ਼ਬਾਰਾਂ ਤੋਂ ਬਾਅਦ ਦੇਸ਼ ਦੇ ਸਾਰੇ ਅੰਗਰੇਜ਼ੀ ਅਖ਼ਬਾਰਾਂ ਤੋਂ ਵੀ ਅੱਗੇ ਲੰਘ ਜਾਣ' ਅਤੇ 'ਸੰਸਾਰ ਭਰ ਦੇ ਵੱਧ ਪੜ੍ਹੇ ਜਾਣ ਵਾਲੇ ਅਖ਼ਬਾਰਾਂ ਵਿਚ ਪਹਿਲੇ ਸਥਾਨ ਦੇ ਨੇੜੇ ਪਹੁੰਚਣ' ਦੇ ਦਾਅਵੇ ਇੰਗਲੈਂਡ ਦੀ 'ਅਲੈਕਸਾ' ਨਾਂਅ ਦੀ ਇਕ ਵੈਬਸਾਈਟ ਵੱਲੋਂ 'ਜਾਰੀ ਕੀਤੇ ਸਰਵੇਖਣ' ਦੇ ਆਧਾਰ 'ਤੇ ਕੀਤੇ ਜਾ ਰਹੇ ਹਨ। 'ਅਲੈਕਸਾ' ਵੱਲੋਂ ਕਥਿਤ ਤੌਰ 'ਤੇ 'ਜਾਰੀ ਕੀਤੇ ਸਰਵੇਖਣ' (ਹਾਲਾਂਕਿ ਐਸਾ ਕੋਈ ਸਰਵੇਖਣ ਜਾਰੀ ਨਹੀਂ ਕੀਤਾ ਗਿਆ ਅਤੇ ਅੰਕੜੇ ਹਰ ਵੇਲੇ ਹੀ ਵੈਬਸਾਈਟ 'ਤੇ ਮੌਜੂਦ ਹਨ) ਇੰਟਰਨੈੱਟ ਨਾਲ ਜੁੜੇ ਅਤੇ ਵੈਬਸਾਈਟਾਂ ਦੀ ਸਮਝ ਰੱਖਦੇ ਕਿਸੇ ਵੀ ਵਿਅਕਤੀ ਸਾਹਮਣੇ ਇਹ ਬੜੇ ਹੀ ਦਲੀਲ ਪੂਰਨ ਢੰਗ ਨਾਲ ਸਹਿਜੇ ਹੀ ਇਹ ਸਾਬਿਤ ਕੀਤਾ ਜਾ ਸਕਦਾ ਹੈ ਕਿ ਉਕਤ ਅਖ਼ਬਾਰ ਦਾ ਆਨਲਾਈਨ ਐਡੀਸ਼ਨ ਕਿਤੇ ਪਿੱਛੇ ਹੈ। ਖੰਭਾਂ ਦੀਆਂ ਡਾਰਾਂ ਬਣਾਉਣ ਦੇ ਮਾਹਿਰ ਉਕਤ ਅਖ਼ਬਾਰ ਦੇ ਸੰਪਾਦਕ ਵੱਲੋਂ ਇਸ ਵੈਬਸਾਈਟ ਵੱਲੋਂ ਜਾਰੀ ਕੁਝ ਚੋਣਵੇਂ ਅੰਕੜੇ ਚੁੱਕ ਕੇ ਉਨ੍ਹਾਂ ਦੀ ਗ਼ਲਤ ਤਸਵੀਰ ਪਾਠਕਾਂ ਸਾਹਮਣੇ ਰੱਖ ਕੇ ਆਪਣੇ ਅੱਗੇ ਲੰਘ ਜਾਣ ਦੀ ਖੁਸ਼ਫ਼ਹਿਮੀ ਪਾਲੀ ਜਾ ਰਹੀ ਹੈ ਅਤੇ ਜਾਣ-ਬੁੱਝ ਕੇ ਉਹ ਅੰਕੜੇ ਛੁਪਾਏ ਜਾ ਰਹੇ ਹਨ, ਜਿਨ੍ਹਾਂ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਆਨਲਾਈਨ ਐਡੀਸ਼ਨਾਂ ਵਿਚ ਕਿਹੜਾ ਅਖ਼ਬਾਰ ਕਿਹੜੇ ਸਥਾਨ 'ਤੇ ਹੈ। ਹਕੀਕਤ ਤਾਂ ਇਹ ਹੈ ਕਿ ਪੀਲੀ ਪੱਤਰਕਾਰੀ ਨੂੰ ਹੀ ਸੋਨੇ ਦੀ ਲਿਸ਼ਕ ਸਮਝੀ ਬੈਠਾ ਇਸ ਅਖ਼ਬਾਰ ਦਾ ਮੁੱਖ ਸੰਪਾਦਕ ਆਪਣੀ ਅਖ਼ਬਾਰ ਦੀ ਇੰਟਰਨੈੱਟ ਐਡੀਸ਼ਨ ਅੱਗੇ ਲੰਘ ਜਾਣ ਅਤੇ ਪੰਜਾਬੀਆਂ ਦਾ ਸਿਰ ਉੱਚਾ ਕਰਨ ਦੇ ਦਾਅਵੇ ਕਰਨ ਵਾਲਾ ਝੂਠ ਦਾ ਪਰਦਾ ਫ਼ਾਸ਼ ਹੋਣ ਮਗਰੋਂ ਆਪ ਹੀ ਸਿਰ ਚੁੱਕਣ ਜੋਗਾ ਨਹੀਂ ਰਹੇਗਾ। ਉਕਤ ਵੈਬਸਾਈਟ 'ਤੇ ਵਿਸ਼ਵ ਪੱਧਰ 'ਤੇ ਅਤੇ ਭਾਰਤ ਪੱਧਰ 'ਤੇ ਵੈਬਸਾਈਟਾਂ ਦੀ ਹਰਮਨ-ਪਿਆਰਤਾ ਸਬੰਧੀ ਅੰਕੜੇ ਵੱਖ-ਵੱਖ ਮੌਜੂਦ ਹਨ। ਕਿਸੇ ਵੈਬਸਾਈਟ 'ਤੇ ਕਿੰਨੇ ਕਲਿੱਕ ਹੁੰਦੇ ਹਨ ਭਾਵ ਕਿਸੇ ਵੈਬਸਾਈਟ ਨੂੰ ਪੜ੍ਹਨ ਲਈ ਕਿੰਨੇ ਵਿਅਕਤੀ ਉਹ ਵੈਬਸਾਈਟ ਖੋਲ੍ਹਦੇ ਹਨ ਇਸ ਬਾਰੇ ਇਕੱਤਰ ਕੀਤੇ ਜਾਂਦੇ ਅੰਕੜੇ ਨੂੰ 'ਵੈਬਸਾਈਟ ਟਰੈਫ਼ਿਕ' ਕਿਹਾ ਜਾਂਦਾ ਹੈ। 'ਵੈਬਸਾਈਟ ਟਰੈਫ਼ਿਕ' ਕਿਸੇ ਵੀ ਵੈਬਸਾਈਟ ਦੀ ਹਰਮਨ-ਪਿਆਰਤਾ ਨੂੰ ਜਾਚਣ ਦਾ ਉਹ ਮੁੱਢਲਾ ਮਾਪਦੰਡ ਹੈ ਜਿਹੜਾ ਸਭ ਤੋਂ ਪਹਿਲਾਂ ਵੇਖਿਆ ਜਾਂਦਾ ਹੈ ਅਤੇ ਜਿਸ ਦੀ ਪ੍ਰਮੁੱਖਤਾ ਅਤੇ ਮਹੱਤਤਾ ਬਾਰੇ ਵਿਸ਼ਵ ਭਰ ਵਿਚ ਇੰਟਰਨੈੱਟ ਦੇ ਜਾਣਕਾਰਾਂ ਨੂੰ ਕੋਈ ਸ਼ੱਕ ਨਹੀਂ। 'ਵੈਬਸਾਈਟ ਟਰੈਫ਼ਿਕ' ਬਾਰੇ 'ਅਲੈਕਸਾ' ਦੇ ਅੰਕੜੇ ਹੀ ਦੱਸਦੇ ਹਨ ਕਿ ਰੋਜ਼ਾਨਾ ਪੰਜਾਬੀ ਅਖ਼ਬਾਰ 'ਅਜੀਤ' ਵਿਸ਼ਵ ਭਰ ਦੀਆਂ ਵੈਬਸਾਈਟਾਂ ਵਿਚ 62779ਵਾਂ ਸਥਾਨ ਰੱਖਦਾ ਹੈ ਜਦਕਿ ਪਹਿਲੇ ਨੰਬਰ 'ਤੇ ਪੁੱਜ ਜਾਣ ਦੇ ਦਾਅਵੇ ਕਰਨ ਵਾਲਾ ਉਕਤ ਝੂਠਾ ਅਖ਼ਬਾਰ ਵਿਸ਼ਵ ਭਰ ਦੀਆਂ ਵੈਬਸਾਈਟਾਂ ਵਿਚ ਬਹੁਤ ਪਿੱਛੇ 4,91,538ਵੇਂ ਸਥਾਨ 'ਤੇ ਹੈ। ਇਸੇ ਤਰ੍ਹਾਂ ਭਾਰਤ ਦੇ ਜਿਹੜੇ ਅੰਗਰੇਜ਼ੀ ਅਖ਼ਬਾਰਾਂ ਦੇ ਆਨਲਾਈਨ ਐਡੀਸ਼ਨਾਂ ਤੋਂ ਅੱਗੇ ਲੰਘ ਜਾਣ ਦੇ ਦਾਅਵੇ ਕੀਤੇ ਗਏ ਹਨ, ਉਨ੍ਹਾਂ ਦੀ ਸਥਿਤੀ ਵੀ ਉਕਤ ਵੈਬਸਾਈਟ 'ਤੇ ਦਰਜ ਹੈ। ਵੈਬਸਾਈਟ ਅਨੁਸਾਰ ਹੀ 'ਹਿੰਦੁਸਤਾਨ ਟਾਈਮਜ਼' ਦੀ ਵੈਬਸਾਈਟ ਵਿਸ਼ਵ ਵਿਚ 1918 ਨੰਬਰ 'ਤੇ, 'ਟਾਈਮਜ਼ ਆਫ਼ ਇੰਡੀਆ' ਦੀ ਵੈਬਸਾਈਟ 2757 ਨੰਬਰ 'ਤੇ, 'ਟ੍ਰਿਬਿਊਨ' ਦੀ ਵੈਬਸਾਈਟ 'ਟ੍ਰਿਬਿਊਨ ਇੰਡੀਆ' 10757 ਨੰਬਰ 'ਤੇ ਅਤੇ 'ਡੈਕਨ ਹੈਰਲਡ' ਦੀ ਵੈਬਸਾਈਟ 17344ਵੇਂ ਸਥਾਨ 'ਤੇ ਹੈ। 'ਅਲੈਕਸਾ' ਵੈਬਸਾਈਟ 'ਤੇ ਹੀ ਉਨ੍ਹਾਂ ਵੈਬਸਾਈਟਾਂ ਦੀ ਦਰਜਾਬੰਦੀ ਬਾਰੇ ਅੰਕੜੇ ਵੀ ਉਪਲਬਧ ਹਨ ਜਿਹੜੀਆਂ ਭਾਰਤੀਆਂ ਵੱਲੋਂ ਰਜਿਸਟਰਡ ਹਨ ਅਤੇ ਭਾਰਤ ਤੋਂ ਚਲਾਈਆਂ ਜਾਂਦੀਆਂ ਹਨ। ਭਾਰਤ ਪੱਧਰ 'ਤੇ ਕੀਤੀ ਗਈ ਦਰਜਾਬੰਦੀ ਵਿਚ 'ਵੈਬਸਾਈਟ ਟਰੈਫ਼ਿਕ' ਦੇ ਅੰਕੜਿਆਂ ਅਨੁਸਾਰ 'ਅਜੀਤ' 8916ਵੇਂ ਸਥਾਨ 'ਤੇ ਹੈ ਜਦਕਿ ਝੂਠਾ ਅਖ਼ਬਾਰ 34041ਵੇਂ ਸਥਾਨ 'ਤੇ ਹੈ। ਇਸੇ ਤਰ੍ਹਾਂ ਭਾਰਤ ਦੇ ਜਿਹੜੇ ਅੰਗਰੇਜ਼ੀ ਅਖ਼ਬਾਰਾਂ ਦੇ ਵੈਬ ਐਡੀਸ਼ਨਾਂ ਤੋਂ ਵੀ ਅੱਗੇ ਲੰਘ ਜਾਣ ਦੇ ਦਾਅਵੇ ਉਕਤ ਅਖ਼ਬਾਰ ਕਰ ਰਿਹਾ ਹੈ ਉਹ ਅਸਲ ਵਿਚ ਇਸ ਤੋਂ ਕਿਤੇ ਅੱਗੇ ਹਨ। ਇਨ੍ਹਾਂ ਅਖ਼ਬਾਰਾਂ ਵਿਚੋਂ 'ਹਿੰਦੁਸਤਾਨ ਟਾਈਮਜ਼' ਦੀ ਵੈਬਸਾਈਟ ਦੇਸ਼ ਭਰ ਦੀਆਂ ਵੈਬਸਾਈਟਾਂ ਵਿਚੋਂ 161 ਨੰਬਰ 'ਤੇ ਹੈ, 'ਟਾਈਮਜ਼ ਆਫ਼ ਇੰਡੀਆ' ਦੀ ਵੈਬਸਾਈਟ ਦੇਸ਼ ਭਰ ਵਿਚ 190 ਨੰਬਰ 'ਤੇ ਹੈ, 'ਟ੍ਰਿਬਿਊਨ' ਦੀ ਵੈਬਸਾਈਟ 'ਟ੍ਰਿਬਿਊਨ ਇੰਡੀਆ' 874 ਨੰਬਰ 'ਤੇ ਅਤੇ 'ਡੈਕਨ ਹੈਰਲਡ' 1175ਵੇਂ ਸਥਾਨ 'ਤੇ ਹੈ।

ਝੂਠੇ ਅਖ਼ਬਾਰ ਵੱਲੋਂ ਆਪਣੇ ਅੰਕਾਂ ਵਿਚ ਜਿਹੜੇ 'ਗਰਾਫ਼' ਅਤੇ ਅੰਕੜੇ ਦੇ ਕੇ ਆਪਣੇ-ਆਪ ਨੂੰ ਪੰਜਾਬੀ ਹੀ ਨਹੀਂ ਸਗੋਂ ਦੇਸ਼ ਦੀਆਂ ਅੰਗਰੇਜ਼ੀ ਅਖ਼ਬਾਰਾਂ ਤੋਂ ਵੀ ਅੱਗੇ ਲੰਘ ਗਿਆ ਦਰਸਾਇਆ ਜਾ ਰਿਹਾ ਹੈ ਉਹ ਹਨ 'ਸਰਚ ਵਿਜ਼ਿਟ', 'ਬਾਊਂਸ ਰੇਟ', 'ਡੇਲੀ ਪੇਜ ਵਿਊਜ਼ ਪਰ ਯੂਜ਼ਰ' ਅਤੇ 'ਟਾਈਮ ਆਨ ਸਾਈਟ'। ਇਸ ਅਖ਼ਬਾਰ ਦੇ ਇਹ ਦਾਅਵੇ ਆਪਣੇ-ਆਪ ਨੂੰ ਸਭ ਤੋਂ ਵੱਧ ਪੜ੍ਹੇ ਜਾਣ ਵਾਲੀ ਵੈਬਸਾਈਟ ਦੱਸਣ ਵਿਚ ਕਿਵੇਂ ਗ਼ਲਤ ਅਤੇ ਗੁੰਮਰਾਹਕੁਨ ਹਨ, ਇਸ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ। **'ਸਰਚ ਵਿਜ਼ਿਟ'** : ਅਖ਼ਬਾਰ ਵਿਚ ਦਿੱਤੇ ਇਕ ਗਰਾਫ਼ ਵਿਚ ਵਿਖਾਇਆ ਗਿਆ ਹੈ ਕਿ 'ਸਰਚ ਵਿਜ਼ਿਟ' ਵਿਚ ਉਕਤ ਅਖ਼ਬਾਰ ਸਭ ਤੋਂ ਅੱਗੇ ਹੈ। ਇਸ ਗਰਾਫ਼ ਵਿਚ ਦੂਜੇ ਸਥਾਨ 'ਤੇ 'ਟ੍ਰਿਬਿਊਨ', ਤੀਜੇ ਸਥਾਨ 'ਤੇ 'ਹਿੰਦੁਸਤਾਨ ਟਾਈਮਜ਼', ਚੌਥੇ 'ਤੇ 'ਇੰਡੀਆ ਟਾਈਮ' ਅਤੇ ਪੰਜਵੇਂ 'ਤੇ 'ਅਜੀਤ' ਨੂੰ ਦਰਸਾਇਆ ਗਿਆ ਹੈ। 'ਸਰਚ ਵਿਜ਼ਿਟ' ਦਾ ਮਤਲਬ ਹੁੰਦਾ ਹੈ ਕਿ ਕੋਈ ਵਿਅਕਤੀ ਕਿਸੇ 'ਸਰਚ ਇੰਜਨ' ਤੇ ਜਾ ਕੇ ਅਖ਼ਬਾਰ ਦਾ ਨਾਂਅ ਲਿਖ ਕੇ ਉਸ ਦੀ ਸਾਈਟ ਲੱਭਦਾ ਹੈ ਅਤੇ ਫ਼ਿਰ ਸਾਈਟ 'ਤੇ ਆਉਂਦਾ ਹੈ। ਇਸ ਵਿਚ ਪਹਿਲੇ ਸਥਾਨ 'ਤੇ ਆਉਣਾ ਅਸਲ ਵਿਚ ਮਾਣ ਵਾਲੀ ਗੱਲ ਨਹੀਂ ਸਗੋਂ ਇਹ ਤਾਂ ਦਰਸਾਉਂਦਾ ਹੈ ਕਿ ਬਹੁਤੇ ਲੋਕਾਂ ਨੂੰ ਉਕਤ ਅਖ਼ਬਾਰ ਦੀ ਸਾਈਟ ਬਾਰੇ ਪਤਾ ਹੀ ਨਹੀਂ ਅਤੇ ਉਨ੍ਹਾਂ ਨੂੰ ਸਾਈਟ ਲੱਭਣੀ ਪਈ। 'ਸਰਚ ਵਿਜ਼ਿਟ' ਘੱਟ ਹੋਣ ਦਾ ਮਤਲਬ ਹੈ ਕਿ ਵਧੇਰੇ ਪੰਜਾਬੀ ਪਾਠਕ ਨੂੰ 'ਅਜੀਤ' ਦੀ ਵੈਬਸਾਈਟ ਦਾ ਪਤਾ ਹੋਣ ਕਰਕੇ 'ਸਰਚ ਇੰਜਨ' ਰਾਹੀਂ ਇਸ ਨੂੰ ਲੱਭਣ ਦੀ ਲੋੜ ਨਹੀਂ ਪੈਂਦੀ।

**ਬਾਊਂਸ ਰੇਟ** : 'ਬਾਊਂਸ ਰੇਟ' ਵਿਚ ਮੋਹਰੀ ਹੋਣ ਦਾ ਦਾਅਵਾ ਕਰਕੇ ਅਸਲ ਵਿਚ ਝੂਠੇ ਸੰਪਾਦਕ ਅਤੇ ਝੂਠੇ ਅਖ਼ਬਾਰ ਨੇ ਆਪਣਾ ਜਲੂਸ ਕੱਢ ਲਿਆ ਹੈ। ਅਖ਼ਬਾਰ ਨੇ ਜਾਣ ਬੁੱਝ ਕੇ 'ਬਾਊਂਸ ਰੇਟ' ਦੀ ਵਿਆਖਿਆ ਵੀ ਗ਼ਲਤ ਕੀਤੀ ਹੈ। ਅਸਲ ਵਿਚ 'ਬਾਊਂਸ ਰੇਟ' ਦਾ ਮਤਲਬ ਹੈ ਉਨ੍ਹਾਂ ਪਾਠਕਾਂ ਦੀ ਗਿਣਤੀ ਜਿਹੜੇ ਵੈਬਸਾਈਟ 'ਤੇ ਜਾਂਦੇ ਹਨ ਪਰ ਪਹਿਲੀ ਹੀ ਨਜ਼ਰੇ ਉਨ੍ਹਾਂ ਨੂੰ ਵੈਬਸਾਈਟ ਬੇਮਾਅਨੇ ਲੱਗਣ ਕਾਰਨ ਉਹ 'ਬੈਕ' ਬਟਨ 'ਕਲਿੱਕ' ਕਰਕੇ ਵੈਬਸਾਈਟ ਤੋਂ ਬਾਹਰ ਆ ਜਾਂਦੇ ਹਨ। 'ਬਾਊਂਸ ਰੇਟ' ਵਿਚ ਅੱਗੇ ਹੋਣਾ ਮਾਣ ਦੀ ਨਹੀਂ ਸਗੋਂ ਸ਼ਰਮ ਦੀ ਗੱਲ ਹੈ ਪਰ ਇਸ ਨੂੰ ਪ੍ਰਾਪਤੀ ਦੱਸਣ ਵਿਚ ਝੂਠੇ ਅਖ਼ਬਾਰ ਅਤੇ ਝੂਠੇ ਸੰਪਾਦਕ ਨੇ ਰਤਾ ਸ਼ਰਮ ਨਹੀਂ ਕੀਤੀ। ਇਹੀ ਕਾਰਨ ਹੈ ਕਿ 'ਬਾਊਂਸ ਰੇਟ' ਵਿਚ ਉਕਤ ਅਖ਼ਬਾਰ ਪਹਿਲੇ, 'ਟ੍ਰਿਬਿਊਨ' ਦੂਜੇ, 'ਹਿੰਦੁਸਤਾਨ ਟਾਈਮਜ਼' ਤੀਜੇ, 'ਇੰਡੀਆ ਟਾਈਮਜ਼' ਚੌਥੇ ਅਤੇ 'ਅਜੀਤ' ਪੰਜਵੇਂ ਨੰਬਰ 'ਤੇ ਹੈ।

**ਡੇਲੀ ਪੇਜ ਵਿਊਜ਼ ਪਰ ਯੂਜ਼ਰ** : 'ਡੇਲੀ ਪੇਜ ਵਿਊਜ਼ ਪਰ ਯੂਜ਼ਰ' ਗਰਾਫ਼ ਵਿਚ ਦਰਸਾਇਆ ਜਾਂਦਾ ਹੈ ਕਿ ਕਿਸੇ ਵੈਬਸਾਈਟ 'ਤੇ ਆਉਣ ਵਾਲੇ ਕਿਸੇ ਇਕ ਪਾਠਕ ਨੇ ਉਸ ਵੈਬਸਾਈਟ ਦੇ ਅੰਦਰ ਕਿੰਨੇ ਪੇਜ ਪੜ੍ਹੇ ਜਾਂ ਵੇਖੇ। ਇਸ ਮਾਮਲੇ ਵਿਚ ਉਕਤ ਅਖ਼ਬਾਰ ਆਪਣੇ-ਆਪ ਨੂੰ ਪਹਿਲੇ ਨੰਬਰ 'ਤੇ ਅਤੇ ਦੂਜੇ ਅਖ਼ਬਾਰਾਂ ਨੂੰ ਆਪਣੇ ਤੋਂ ਮਗਰ ਦੱਸ ਕੇ ਖੁਸ਼ ਹੋ ਰਿਹਾ ਹੈ ਪਰ ਇਸ ਵਿਚ ਅਖ਼ਬਾਰ ਨੇ ਕੀ ਚਲਾਕੀ ਖੇਡੀ ਹੈ ਉਹ ਇੰਟਰਨੈੱਟ ਦੀ ਵਰਤੋਂ ਕਰਨ ਵਾਲੇ ਝੱਟ ਸਮਝ ਸਕਦੇ ਹਨ। ਅਸਲ ਵਿਚ 'ਅਜੀਤ' ਦਾ ਇਕ ਪੇਜ ਖੁੱਲ੍ਹਣ ਦਾ ਮਤਲਬ ਹੈ ਕਿ ਇਕ ਪੇਜ ਉੱਤੇ ਲੱਗੀਆਂ ਸਾਰੀਆਂ ਖ਼ਬਰਾਂ ਦਾ ਖੁੱਲ੍ਹਣਾ ਤੇ ਪੜ੍ਹੇ ਜਾਣਾ। ਉਕਤ ਅਖ਼ਬਾਰ ਦੀ ਵੈਬਸਾਈਟ ਤੇ ਪਾਠਕ ਨੂੰ ਇਕ-ਇਕ ਖ਼ਬਰ 'ਤੇ ਕਲਿੱਕ ਕਰਕੇ 'ਕੱਲੀ-ਕੱਲੀ ਖ਼ਬਰ ਪੜ੍ਹਨੀ ਪੈਂਦੀ ਹੈ ਅਤੇ ਹਰ ਖ਼ਬਰ ਨੂੰ ਖੋਲ੍ਹਣ 'ਤੇ ਵੱਖਰਾ ਪੇਜ ਖੁਲ੍ਹਦਾ ਹੈ।

**ਟਾਈਮ ਆਨ ਸਾਈਟ** : ਇਕ ਦਾਅਵਾ ਇਹ ਕੀਤਾ ਜਾ ਰਿਹਾ ਹੈ ਕਿ ਉਕਤ ਅਖ਼ਬਾਰ ਦੀ ਵੈਬਸਾਈਟ 'ਤੇ ਜਾਣ ਵਾਲੇ ਪਾਠਕ ਉਸ ਵੈਬਸਾਈਟ 'ਤੇ ਦੂਜੀਆਂ ਵੈਬਸਾਈਟਾਂ ਦੇ ਮੁਕਾਬਲੇ ਜ਼ਿਆਦਾ ਸਮਾਂ ਬਿਤਾਉਂਦੇ ਹਨ ਪਰ ਅਸਲ ਵਿਚ ਇਸ ਦਾ ਕਾਰਨ ਵੀ ਉਕਤ ਵਾਲਾ ਹੀ ਹੈ ਕਿਉਂਕਿ ਉਕਤ ਵੈਬਸਾਈਟ ਵਿਚ ਪਾਠਕ ਨੂੰ 'ਕੱਲੀ-'ਕੱਲੀ ਖ਼ਬਰ ਨੂੰ ਇਕੱਲੇ-ਇਕੱਲੇ ਪੇਜ 'ਤੇ ਖੋਲ੍ਹਣ ਅਤੇ ਵਾਪਿਸ ਪਰਤਣ ਵਿਚ ਹੀ ਇੰਨਾ ਸਮਾਂ ਲੱਗ ਜਾਂਦਾ ਹੈ ਕਿ ਵੈਬਸਾਈਟ 'ਤੇ ਜ਼ਿਆਦਾ ਸਮਾਂ ਲਗਾਉਣਾ ਪਾਠਕ ਦੀ ਮਜਬੂਰੀ ਬਣ ਜਾਂਦੀ ਹੈ।

# ਮਹਿੰਗਾਈ ਰੋਕਣ ਲਈ ਚੁੱਕੇ ਕਦਮਾਂ ਦੀ ਸ਼ਲਾਘਾ, ਪਰ ?

ਜਲੰਧਰ, 24 ਜਨਵਰੀ (ਪ.ਪ.)-ਫੂਲੇ ਭਾਰਤੀ ਲੋਕ ਪਾਰਟੀ ਦੇ ਕੌਮੀ ਪ੍ਰਧਾਨ ਸ੍ਰ. ਮਨਜੀਤ ਸਿੰਘ ਮਤੇਵਾਲ ਵੱਲੋਂ ਜਾਰੀ ਪ੍ਰੈੱਸ ਨੋਟ ਰਾਹੀਂ ਕੇਂਦਰ ਸਰਕਾਰ ਵੱਲੋਂ ਮਹਿੰਗਾਈ ਰੋਕਣ ਲਈ ਚੁੱਕੇ ਕਦਮਾਂ ਦੀ ਸ਼ਲਾਘਾ ਕੀਤੀ ਹੈ। ਪਰ ਨਾਲ ਹੀ ਇਹ ਸਵਾਲ ਵੀ ਕੀਤਾ ਗਿਆ ਹੈ ਕਿ ਇਹ ਸਹੂਲਤਾਂ ਦੇਸ਼ ਦੇ ਆਮ ਲੋਕਾਂ ਤੱਕ ਪੁੱਜਣਗੀਆਂ...? ਸ੍ਰ. ਮਤੇਵਾਲ ਨੇ ਇਨ੍ਹਾਂ ਕਦਮਾਂ ਪ੍ਰਤੀ ਆਪਣੇ ਵਿਚਾਰ ਪੇਸ਼ ਕਰਦੇ ਨਾਲ ਇਨ੍ਹਾਂ ਸਹੂਲਤਾਂ ਨੂੰ ਆਮ ਤਰੀਕ ਅਤੇ ਪੱਛੜੇ ਵਰਗ ਦੇ ਲੋਕਾਂ ਤੱਕ ਪੁੱਜਦਾ ਕਰਨ ਵਿੱਚ ਅਮਲੀ ਰੂਪ 'ਚ ਕਾਮਯਾਬ ਹੋ ਸਕਣਗੀਆਂ। ਫੂਲੇ ਭਾਰਤੀ ਲੋਕ ਪਾਰਟੀ ਦੇ ਕੌਮੀ ਪ੍ਰਧਾਨ ਸ੍ਰ. ਮਨਜੀਤ ਸਿੰਘ ਮਤੇਵਾਲ ਨੇ ਕਿਹਾ ਕਿ ਬੇਸ਼ੱਕ ਇਸ ਪੂਰਾ ਵਿਸ਼ਵ ਮੰਦੀ ਦੀ ਮਾਰ ਹੇਠ ਆਇਆ ਹੋਇਆ ਹੈ। ਪਰ ਫਿਰ ਵੀ ਦੇਸ਼ ਦੀ ਗਰੀਬ ਅਤੇ ਪੱਛੜੇ ਵਰਗ ਦੇ ਹਿੱਤਾਂ ਨੂੰ ਮੁੱਖ ਰੱਖ ਕੇ ਕੇਂਦਰ ਅਤੇ ਰਾਜ-ਸਰਕਾਰਾਂ ਨੂੰ ਇਸ ਮਹਿੰਗਾਈ ਨੂੰ ਠੱਲ੍ਹ ਪਾਉਂਦੇ ਹੋਏ ਕੁਝ ਹੋਰ ਗੰਭੀਰ ਅਤੇ ਸਖਤ ਫੈਸਲੇ ਲੈਣੇ ਪੈਣਗੇ ਨਹੀਂ ਤਾਂ ਭਾਰਤ ਅੰਦਰ ਗਰੀਬ ਲੋਕਾਂ ਦਾ ਗੁਜ਼ਾਰਾ ਕਰਨਾ ਪੈਣਗੇ ਨਹੀਂ ਤਾਂ ਭਾਰਤ ਅੰਦਰ ਗਰੀਬ ਲੋਕਾਂ ਦਾ ਗੁਜ਼ਾਰਾ ਕਰਨਾ ਹੋਰ ਵੀ ਮੁਸ਼ਕਲ ਹੋਵੇਗਾ ਤੇ ਇਸ ਨਾਲ ਵਧਦੀ ਬੇਰੁਜ਼ਗਾਰੀ ਤੋਂ ਪੈਦਾ ਹੋਣ ਵਾਲੇ ਹਾਲਾਤ ਸਰਕਾਰ ਲਈ ਗੰਭੀਰ ਮਸਲੇ ਖੜੇ ਕਰਨਗੇ।

# ਨਾਨ ਟੀਚਿੰਗ ਸਟਾਫ ਯੂਨੀਅਨ ਵੱਲੋਂ ਧਰਨਾ

ਪਠਾਨਕੋਟ, 24 ਜਨਵਰੀ (ਜੰਡੀਰ)-ਸਥਾਨਕ ਆਰੀਆ ਮਹਿਲਾ ਕਾਲਜ ਦੇ ਨਾਨ ਟੀਚਿੰਗ ਸਟਾਫ ਮੈਂਬਰਾਂ ਨੇ ਪ੍ਰਾਈਵੇਟ ਕਾਲਜਜ਼ ਨਾਨ ਟੀਚਿੰਗ ਇੰਪਲਾਈਜ਼ ਯੂਨੀਅਨ ਪੰਜਾਬ ਐਂਡ ਚੰਡੀਗੜ੍ਹ ਦੇ ਸੱਦੇ 'ਤੇ ਅੱਜ 'ਪੈਨ ਡਾਊਨ' ਹੜਤਾਲ ਕੀਤੀ ਅਤੇ ਕਾਲਜ ਦੇ ਗੇਟ ਮੂਹਰੇ ਧਰਨਾ ਦਿੱਤਾ ਤੇ ਪੰਜਾਬ ਸਰਕਾਰ ਖਿਲਾਫ ਨਾਅਰੇਬਾਜ਼ੀ ਕੀਤੀ। ਇਸ ਧਰਨੇ ਦੀ ਅਗਵਾਈ ਯੂਨੀਅਨ ਦੇ ਪ੍ਰਧਾਨ ਵਿਜੇ ਕੁਮਾਰ ਵਰਮਾ ਤੇ ਜਨਰਲ ਸਕੱਤਰ ਬਾਲ ਕ੍ਰਿਸ਼ਨ ਕਰ ਰਹੇ ਸਨ। ਇਨ੍ਹਾਂ ਆਗੂਆਂ ਦਾ ਕਹਿਣਾ ਹੈ ਕਿ ਪੰਜਾਬ ਸਰਕਾਰ ਉਨ੍ਹਾਂ ਨਾਲ ਮਤਰੇਈ ਮਾਂ ਵਾਲਾ ਸਲੂਕ ਕਰ ਰਹੀ ਹੈ, ਕਿਉਂਕਿ ਸਰਕਾਰ ਨੇ ਟੀਚਿੰਗ ਸਟਾਫ ਦੀ ਤਾਂ ਨਵੇਂ ਸਕੇਲ ਲਾਗੂ ਕਰਨ ਲਈ ਨੋਟੀਫਿਕੇਸ਼ਨ ਜਾਰੀ ਕਰ ਦਿੱਤੀ ਹੈ, ਪਰ ਨਾਨ ਟੀਚਿੰਗ ਸਟਾਫ ਲਈ ਨੋਟੀਫਿਕੇਸ਼ਨ ਜਾਰੀ ਨਹੀਂ ਕੀਤੀ। ਉਹ ਮੰਗ ਕਰ ਰਹੇ ਸਨ ਕਿ ਦੂਸਰੇ ਮੁਲਾਜ਼ਮਾਂ ਦੀ ਤਰ੍ਹਾਂ ਉਨ੍ਹਾਂ ਨੂੰ 1 ਜਨਵਰੀ 2006 ਤੋਂ ਸੋਧੇ ਹੋਏ ਤਨਖਾਹ ਸਕੇਲ ਦਿੱਤੇ ਜਾਣ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇਕਰ ਸਰਕਾਰ ਨੇ ਉਨ੍ਹਾਂ ਦੀ ਇਹ ਜਾਇਜ਼ ਮੰਗ ਨਾ ਮੰਨੀ ਤਾਂ ਫਿਰ 25 ਜਨਵਰੀ ਨੂੰ ਏ.ਬੀ. ਕਾਲਜ ਪਠਾਨਕੋਟ ਮੂਹਰੇ ਭੁੱਖ ਹੜਤਾਲ ਉਪਰ ਬੈਠਿਆਂ ਜਾਵੇਗਾ।


ਆਰੀਆ ਮਹਿਲਾ ਕਾਲਜ ਦੇ ਨਾਨ-ਟੀਚਿੰਗ ਸਟਾਫ ਯੂਨੀਅਨ ਦੇ ਮੈਂਬਰ ਧਰਨੇ ਸਮੇਂ ਨਾਅਰੇਬਾਜ਼ੀ ਕਰਦੇ ਹੋਏ। (ਫੋਟੋ-ਐਨ ਪੀ ਧਵਨ)

# ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ ਜੀ ਚੰਦ ਪੁਰਾਣਾ ਵਿਖੇ ਪੂਰਨਮਾਸ਼ੀ ਨੂੰ ਸਮਰਪਿਤ ਵਿਸ਼ੇਸ਼ ਧਾਰਮਿਕ ਸਮਾਗਮ ਹੋਵੇਗਾ

ਜਗਰਾਉ, 24 ਜਨਵਰੀ (ਵਿਯੋਗ ਜਗਰਾਨਵੀ)-ਭਾਈ ਗੁਰਦੀਪ ਸਿੰਘ ਪ੍ਰਧਾਨ ਬਿਰਧ ਆਸ਼ਰਮ ਚੰਦ ਪੁਰਾਣਾ ਦੀ ਸੂਚਨਾ ਅਨੁਸਾਰ ਮਾਘ ਮਹੀਨੇ ਦੀ ਮਹੱਤਤਾ ਦੇ ਮੱਦੇ ਨਜ਼ਰ ਅਤੇ ਪੂਰਨਮਾਸ਼ੀ ਦੇ ਸ਼ੁਭ ਦਿਹਾੜੇ ਨੂੰ ਸਮਰਪਿਤ ਇੱਕ ਰੋਜ਼ਾ ਵਿਸ਼ੇਸ਼ ਧਾਰਮਿਕ ਸਮਾਗਮ 29 ਜਨਵਰੀ ਨੂੰ ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ ਜੀ ਚੰਦ ਪੁਰਾਣਾ ਵਿਖੇ, ਆਯੋਜਿਤ ਕੀਤਾ ਜਾਵੇਗਾ। ਸਵੇਰ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ੍ਰੀ ਅਖੰਡ ਪਾਠਾਂ ਦੇ ਭੋਗ ਉਪਰੰਤ ਅਸਥਾਨ ਦੇ ਮੁੱਖ ਸੇਵਾਦਾਰ ਪਰਮ ਸੰਤ ਬਾਬਾ ਨਛੱਤਰ ਸਿੰਘ ਜੀ ਮਾਘ ਮਹੀਨੇ ਬਾਰੇ ਆਪਣੇ ਅਨਮੋਲ ਪ੍ਰਵਚਨ ਕਰਨਗੇ। ਜਦਕਿ ਨਾਮਵਰ ਰਾਗੀ ਜਥੇ ਗੁਰਬਾਣੀ ਦੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ। ਗੁਰੂ ਕਾ ਲੰਗਰ ਅਤੁੱਟ ਵਰਤੇਗਾ ਯਾਦ ਰਹੇ ਕਿ ਬਾਬਾ ਜੀ ਵੱਲੋਂ ਸਮਾਜ ਸੇਵਾ ਤੇ ਮਾਨਵ ਭਲਾਈ ਹਿੱਤ ਕੀਤੇ ਜਾ ਰਹੇ ਕਾਰਜਾਂ ਵਜੋਂ ਇੱਥੇ ਹਰ ਮਹੀਨੇ ਦੀ ਸੰਗਰਾਂਦ ਦੇ ਮੌਕੇ ਗਰੀਬ, ਲਾਚਾਰ, ਲੋੜਵੰਦ ਤੇ ਵਿਧਵਾਵਾਂ ਮਹਿਲਾਵਾਂ ਨੂੰ ਘਿਉ, ਖੰਡ, ਆਟਾ, ਲੂਣ, ਮਿਰਚ ਮਸਾਲਾ ਤੇ ਲੋੜੀਂਦਾ ਰਾਸ਼ਨ ਵੰਡਿਆ ਜਾਂਦਾ ਹੈ।

## ਬਸੰਤ ਪੰਚਮੀ ਦਾ ਤਿਉਹਾਰ ਨਿਵੇਕਲੇ ਢੰਗ ਨਾਲ ਮਨਾਇਆ

ਲੁਧਿਆਣਾ, 24 ਜਨਵਰੀ (ਸਚਦੇਵਾ)-ਸਮਾਜਿਕ ਅਤੇ ਧਾਰਮਿਕ ਕਾਰਜਾਂ ਵਿੱਚ ਮੋਹਰੀ ਸੰਸਥਾ ਵਿਸ਼ਵ ਗੁਰੂ ਰਵਿਦਾਸ ਮਿਸ਼ਨ ਵੱਲੋਂ ਬਸੰਤ ਪੰਚਮੀ ਦਾ ਤਿਉਹਾਰ ਨਿਵੇਕਲੇ ਢੰਗ ਨਾਲ ਮਨਾਉਂਦਿਆਂ ਸਥਾਨਕ ਜ਼ਨਾਨਾ ਜੇਲ੍ਹ ਵਿੱਚ ਮਹਿਲਾ ਕੈਦੀਆਂ ਅਤੇ ਉਨ੍ਹਾਂ ਦੇ ਬੱਚਿਆਂ ਨੂੰ ਗਰਮ ਕੱਪੜੇ, ਟੋਪੀਆਂ ਅਤੇ ਜੈਕਟਾਂ ਵੰਡੀਆਂ ਗਈਆਂ। ਇਸ ਮੌਕੇ ਜ਼ਿਲ੍ਹਾ ਅਤੇ ਸੈਸ਼ਨ ਜੱਜ ਐੱਸ ਪੀ ਬੰਗੜ ਵਿਸ਼ੇਸ਼ ਤੌਰ 'ਤੇ ਮੁੱਖ ਮਹਿਮਾਨ ਵਜੋਂ ਪਹੁੰਚੇ। ਮਿਸ਼ਨ ਦੇ ਕੌਮੀ ਪ੍ਰਧਾਨ ਸ਼ਿਵ ਰਾਮ ਸਰੋਏ ਦੀ ਪ੍ਰਧਾਨਗੀ ਹੇਠ ਹੋਏ ਸਮਾਗਮ ਵਿੱਚ ਕੈਦੀ ਔਰਤਾਂ ਨੂੰ ਸੰਬੋਧਨ ਕਰਦਿਆਂ ਐੱਸ ਪੀ ਬੰਗੜ ਨੇ ਕਿਹਾ ਕਿ ਸੁਧਾਰ ਘਰ ਵਿੱਚੋਂ ਬਾਹਰ ਜਾ ਕੇ ਉਹ ਸਮਾਜ ਵਿੱਚ ਫੈਲੀਆਂ ਕੁਰੀਤੀਆਂ ਨੂੰ ਦੂਰ ਕਰਨ ਲਈ ਯੋਗਦਾਨ ਪਾਉਣ। ਅੱਜ ਇਸ ਮੌਕੇ ਜੇਲ੍ਹ ਪ੍ਰਸ਼ਾਸਨ ਵੱਲੋਂ ਕੈਦੀ ਔਰਤਾਂ ਦੇ ਮਨੋਰੰਜਨ ਲਈ 'ਮੈਜਿਕ ਸ਼ੋਅ' ਦਿਖਾਇਆ ਗਿਆ।

# 26 ਜਨਵਰੀ ਦੀ ਖੁਸ਼ੀ ਵਿੱਚ ਬੱਚਿਆਂ ਤੇ ਗਰਭਵਤੀ ਔਰਤਾਂ ਵਾਸਤੇ ਕੈਂਪ ਲਗਾਇਆ

ਅਹਿਮਦਗੜ੍ਹ, 24 ਜਨਵਰੀ (ਦੇਸ ਰਾਜ ਸ਼ਰਮਾ)-ਪੰਜਾਬ ਸਰਕਾਰ ਵੱਲੋਂ ਬੱਚਿਆਂ ਅਤੇ ਗਰਭਵਤੀ ਔਰਤਾਂ ਦੀ ਸਿਹਤ ਦੀ ਚੰਗੀ ਦੇਖ ਭਾਲ ਵਾਸਤੇ ਪੂਰੇ ਪੰਜਾਬ ਵਿੱਚ 26 ਜਨਵਰੀ ਦੀ ਖੁਸ਼ੀ ਵਿੱਚ ਕੈਂਪ ਲਗਾਏ ਜਾ ਰਹੇ ਹਨ। ਇਸੇ ਕੜੀ ਵਿੱਚ ਸਿਵਲ ਹਸਪਤਾਲ ਅਹਿਮਦਗੜ੍ਹ ਵੱਲੋਂ ਵਾਰਡ ਨੰ. 2 ਅੰਬੇਡਕਰ ਨਗਰ ਵਿੱਚ ਬੱਚਿਆਂ ਅਤੇ ਗਰਭਵਤੀ ਔਰਤਾਂ ਲਈ ਇੱਕ ਕੈਂਪ ਲਗਾਇਆ ਗਿਆ। ਇਸ ਕੈਂਪ ਨੂੰ ਜਮੀਲ ਭੱਟੀ ਐੱਸ.ਐੱਮ.ਓ. ਨੇ ਸੰਬੋਧਨ ਕਰਦਿਆਂ ਕਿਹਾ ਕਿ ਸਾਨੂੰ ਸਾਰਿਆਂ ਨੂੰ ਆਪਣੇ ਬੱਚਿਆਂ ਅਤੇ ਗਰਭਵਤੀ ਔਰਤਾਂ ਨੂੰ ਵੀ ਹਫਤੇ ਵਿੱਚ ਇੱਕ ਵਾਰ ਸਿਵਲ ਹਸਪਤਾਲ ਵਿੱਚ ਚੈੱਕਅਪ ਕਰਵਾਉਣਾ ਚਾਹੀਦਾ ਹੈ। ਸਰਕਾਰ ਵੱਲੋਂ ਗਰੀਬ ਬੱਚਿਆਂ ਤੇ ਔਰਤਾਂ ਦੀ ਭਲਾਈ ਵਾਸਤੇ ਸਰਕਾਰੀ ਹਸਪਤਾਲ ਵਿੱਚ ਦਵਾਈ ਦਾ ਯੋਗ ਪ੍ਰਬੰਧ ਕੀਤਾ ਗਿਆ। ਇਸ ਲਈ ਇਸ ਮੌਕੇ ਦਾ ਜ਼ਰੂਰ ਲਾਭ ਉਠਾਣਾ ਚਾਹੀਦਾ ਹੈ। ਇਸ ਕੈਂਪ ਵਿੱਚ 150 ਦੇ ਕਰੀਬ ਬੱਚਿਆਂ ਤੇ 250 ਦੇ ਕਰੀਬ ਗਰਭਵਤੀ ਔਰਤਾਂ ਦਾ ਚੈੱਕਅੱਪ ਕੀਤਾ ਗਿਆ। ਇਸ ਕੈਂਪ ਵਿੱਚ ਡਾਕਟਰ ਕਰਨੈਲ ਸਿੰਘ ਐੱਮ.ਡੀ. ਜੋ ਕਿ ਛਾਤੀ ਤੇ ਪੇਟ ਦੀਆਂ ਬਿਮਾਰੀਆਂ ਦੇ ਮਾਹਰ ਹਨ, ਵੱਲੋਂ ਵੀ ਆਪਣੀਆਂ ਸੇਵਾਵਾਂ ਦਿੱਤੀਆਂ ਗਈਆਂ। ਉਨ੍ਹਾਂ ਲੋਕਾਂ ਨੂੰ ਅਪੀਲ ਕਿ ਪੇਟ ਦੀਆਂ ਬਿਮਾਰੀਆਂ ਤੋਂ ਬਚਣ ਲਈ ਸਾਨੂੰ ਫਾਸਟ ਫੂਡ ਵਰਗੀਆਂ ਚੀਜ਼ਾਂ ਤੋਂ ਬਚਾਉ ਕਰਨਾ ਚਾਹੀਦਾ ਹੈ। ਇਸ ਕੈਂਪ ਵਿੱਚ ਖੂਨ ਦੀ ਪਰਖ ਤੇ ਦਵਾਈਆਂ ਵੀ ਮੁਫਤ ਦਿੱਤੀਆਂ ਗਈ। ਇਸ ਕੈਂਪ ਵਿੱਚ ਡਾਕਟਰ ਜੋਤੀ ਕਪੂਰ ਹਿੰਦ, ਡਾਕਟਰ ਬੰਨੀ ਐੱਮ.ਡੀ. ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

# ਨਹਿਰੀ ਪਟਵਾਰੀਆਂ ਦੀਆਂ ਖਾਲੀ ਪੋਸਟਾਂ ਵਿਭਾਗੀ ਤਰੱਕੀ ਰਾਹੀਂ ਭਰਨ ਦੀ ਮੰਗ

ਸ਼ਹਿਣਾ, 24 ਜਨਵਰੀ (ਪੱਤਰ ਪ੍ਰੇਰਕ)-ਪੀ.ਡਬਲਯੂ.ਡੀ. ਫੀਲਡ ਐਂਡ ਵਰਕਸ਼ਾਪ ਵਰਕਰਜ਼ ਯੂਨੀਅਨ ਨਹਿਰ ਵਿਭਾਗ ਬਰਾਂਚ ਸ਼ਹਿਣਾ ਦੀ ਹੋਈ ਮੀਟਿੰਗ ਦੌਰਾਨ ਪ੍ਰਧਾਨ ਦਰਸ਼ਨ ਸਿੰਘ, ਜਨਰਲ ਸਕੱਤਰ ਨਾਇਬ ਸਿੰਘ ਨੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਸਿੰਚਾਈ ਮੰਤਰੀ ਜਨਮੇਜਾ ਸਿੰਘ ਸੇਖੋਂ ਅਤੇ ਚੀਫ ਇੰਜੀਨੀਅਰ ਚੰਡੀਗੜ੍ਹ ਤੋਂ ਮੰਗ ਕੀਤੀ ਹੈ ਕਿ ਸਿੰਚਾਈ ਵਿਭਾਗ ਵਿੱਚ ਖਾਲੀ ਪਈਆਂ ਨਹਿਰੀ ਪਟਵਾਰੀਆਂ ਦੀਆਂ ਪੋਸਟਾਂ ਵਿਭਾਗੀ ਤਰੱਕੀ ਰਾਹੀਂ ਜਲਦੀ ਭਰੀਆਂ ਜਾਣ। ਪੰਜਾਬ ਸਰਕਾਰ ਤੋਂ ਯੂਨੀਅਨ ਨੇ ਮੰਗ ਕੀਤੀ ਹੈ ਕਿ ਇਹ ਪੋਸਟਾਂ ਜਲਦੀ ਭਰੀਆਂ ਜਾਣ ਇਸ ਮੌਕੇ ਜੈਮਲ ਸਿੰਘ, ਵਿਸ਼ਾਖਾ ਸਿੰਘ, ਭੋਲਾ ਸਿੰਘ ਸੰਧੂ ਵੀ ਹਾਜ਼ਰ ਸਨ।

## ਬਾਬਾ ਬਲਜਿੰਦਰ ਸਿੰਘ ਜੀ ਰਾੜੇ ਵਾਲਿਆਂ ਦੇ ਦੀਵਾਨ

ਕੁਹਾੜਾ, 24 ਜਨਵਰੀ (ਗੁਰਨਾਮ)-ਪਿੰਡ ਮਾਛੀਆ ਵਿਖੇ ਬਾਬਾ ਬਲਜਿੰਦਰ ਸਿੰਘ ਜੀ ਰਾੜੇ ਵਾਲਿਆਂ ਦੇ ਦੀਵਾਨ 27 ਜਨਵਰੀ ਤੋਂ 31 ਜਨਵਰੀ ਤੱਕ ਸਜਾਏ ਜਾਣਗੇ। ਇਲਾਕੇ ਦੀਆਂ ਸੰਗਤਾਂ ਅਤੇ ਸਵ. ਖੁਸਦੇਵ ਸਿੰਘ ਮਾਛੀਆ ਦੇ ਪਰਿਵਾਰ ਦੇ ਸਹਿਯੋਗ ਨਾਲ ਸਜਾਏ ਜਾਣ ਵਾਲੇ ਦੀਵਾਨਾਂ ਦਾ ਸਮਾਂ ਦਿਨੇ 1 ਵਜੇ ਤੋਂ 4 ਵਜੇ ਤੱਕ ਹੋਵੇਗਾ।

# ਨਾਟਕੀ ਢੰਗ ਨਾਲ ਮਾਂ ਵੱਲੋਂ ਆਪਣੀ ਹੀ ਬੱਚੀ ਦਾ ਕਤਲ, ਮਾਮਲਾ ਦਰਜ

ਤਰਨ ਤਾਰਨ, 24 ਜਨਵਰੀ (ਪੱਤਰ ਪ੍ਰੇਰਕ)-ਅੱਜ ਕੱਲ੍ਹ ਮਹਾਂਕਾਲ ਕਲਯੁਗ ਦਾ ਬੋਲਬਾਲਾ ਸਿਖਰ 'ਤੇ ਹੈ। ਅਸੀਂ ਆਏ ਦਿਨ ਅਖਬਾਰਾਂ, ਰੇਡੀਓ, ਟੈਲੀਵੀਜ਼ਨ ਤੇ ਅਕਸਰ ਹੀ ਪੜ੍ਹਦੇ ਵੇਖਦੇ ਹਾਂ, ਕਿ ਭਰੂਣ ਹੱਤਿਆ ਨਾ ਕਰੋ, ਪਰ ਅੱਤ ਦੇ ਕਲਯੁਗ ਨੇ ਇੱਕ ਨਾਰੀ ਹੱਥੋਂ ਆਪਣੀ ਹਾਂ ਨਵ ਜੰਮੀ ਲੜਕੀ ਦਾ ਗਲਾ ਦਬਾ ਕੇ ਕਤਲ ਕਰ ਦਿੱਤਾ। ਇਸ ਲਈ ਇੱਕ ਔਰਤ ਹੀ ਔਰਤ ਦੀ ਵੱਡੀ ਦੁਸ਼ਮਣ ਬਣੀ ਹੈ ਤੇ ਖੁਦ ਆਪਣੀ ਨਸਲ ਆਪ ਘਾਤਿਕ ਸਾਬਤ ਹੋ ਰਹੀ ਹੈ। ਜੀ ਹੀ ਉਪਰੋਕਤ ਕਹੀਆਂ ਸਤਰਾਂ ਅਨੁਸਾਰ ਅਤੇ ਥਾਣਾ ਪੱਟੀ ਦੇ ਐੱਸ.ਆਈ. ਹਰਜਿੰਦਰ ਸਿੰਘ ਨੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਰਜਵੰਤ ਕੌਰ ਪਤਨੀ ਗੁਰਚਰਨ ਸਿੰਘ ਵਾਸੀ ਲਹੁੱਕਾ ਨੇ ਦੱਸਿਆ ਕਿ ਮੇਰਾ ਵਿਆਹ 10 ਸਾਲ ਪਹਿਲਾ ਗੁਰਚਰਨ ਸਿੰਘ ਉਰਫ ਮਾਹਨਾ ਪੁੱਤਰ ਜਸਵੰਤ ਸਿੰਘ ਵਾਸੀ ਲਹੁੱਕਾ ਨਾਲ ਹੋਇਆ ਅਤੇ ਕਰੀਬ 7 ਸਾਲ ਦਾ ਮੇਰਾ ਲੜਕਾ ਹੈ ਅਤੇ ਹੁਣ 24 ਦਸੰਬਰ 2009 ਨੂੰ ਸਾਡੇ ਘਰ ਇੱਕ ਲੜਕੀ ਨੇ ਜਨਮ ਲਿਆ, ਜਿਸ ਦਾ ਨਾਂ ਸੁਖਮਣ ਲਵਪ੍ਰੀਤ ਕੌਰ ਰੱਖਿਆ। ਕੱਲ੍ਹ ਦੁਪਹਿਰ ਵੇਲੇ ਮੈਂ ਘਰ ਵਿੱਚ ਇਕੱਲੀ ਸੀ ਅਤੇ ਲੜਕੀ ਮੰਜੇ 'ਤੇ ਸੁੱਤੀ ਛੱਡ ਕੇ ਆਪ ਕਿਸੇ ਕੰਮ ਚਲੀ ਗਈ ਤਾਂ ਆ ਕੇ ਆਪ ਵੇਖਿਆ ਕਿ ਮੇਰੀ ਲੜਕੀ ਮੰਜੇ ਤੇ ਨਹੀਂ ਸੀ ਤਾਂ ਮੇਰਾ ਪਤੀ ਬੱਸ ਅੱਡਾ ਲਹੁੱਕਾ ਤੇ ਮਕੈਨਿਕ ਦਾ ਕੰਮ ਕਰਦੇ ਹਨ, ਆਪਣੇ ਪਤੀ ਨੂੰ ਦੱਸਿਆ ਤਾਂ ਉਹ ਮੇਰੇ ਦਿਓਰ ਪ੍ਰਮਜੀਤ ਸਿੰਘ ਤੇ ਗੁਆਂਢੀ ਗੁਰਮੀਤ ਸਿੰਘ ਨੂੰ ਨਾਲ ਲੈ ਕੇ ਲਵਪ੍ਰੀਤ ਦੀ ਭਾਲ ਕਰਨ ਲੱਗ ਪਏ ਤਾਂ ਗੁਆਂਢ 'ਚ ਹੀ ਇੱਕ ਖਾਲੀ ਮਕਾਨ 'ਚੋਂ ਲੜਕੀ ਦੀ ਲਾਸ਼ ਬਰਾਮਦ ਹੋ ਗਈ। ਇਸ ਦੀ ਸੂਚਨਾ ਪੁਲਿਸ ਨੂੰ ਦਿੱਤੀ ਗਈ ਤਾਂ ਪੁਲਿਸ ਨੇ ਕਾਰਵਾਈ ਕਰਦਿਆਂ ਮ੍ਰਿਤਕ ਲੜਕੀ ਦੀ ਮਾਂ ਰਜਵੰਤ ਕੌਰ ਤੋਂ ਪੁੱਛਗਿੱਛ ਕੀਤੀ ਤਾਂ ਪੁੱਛਗਿੱਛ ਦੌਰਾਨ ਉਸ ਨੇ ਮੰਨਿਆ ਕਿ ਉਕਤ ਲੜਕੀ ਰਿਸ਼ਤੇਦਾਰਾਂ 'ਚ ਕਿਸੇ ਨੂੰ ਦੇਣ ਕਰਕੇ ਆਪਸੀ ਖਿਚੋਤਾਣ ਦੌਰਾਨ ਰਜਵੰਤ ਕੌਰ ਨੇ ਹੀ ਲੜਕੀ ਲਵਪ੍ਰੀਤ (ਆਪਣੀ ਧੀ ਦਾ) ਗਲਾ ਘੁੱਟ ਕੇ ਮਾਰ ਦਿੱਤੀ ਤੇ ਲਾਸ਼ ਮਕਾਨ 'ਚ ਸੁੱਟ ਦਿੱਤੀ। ਪੁਲਿਸ ਨੇ ਬੱਚੀ ਦੀ ਮਾਂ ਰਜਵੰਤ ਕੌਰ ਵਿਰੁੱਧ ਮੁਕੱਦਮਾ ਦਰਜ ਕਰ ਲਿਆ ਹੈ।

## ਟਾਈਟਨ ਦੀ ਇਸ ਨਵੀਨਤਮ ਪਹਿਲ 'ਤੇ ਵੈਲਨਟਾਈਨ ਸੀਜ਼ਨ ਬਣਿਆ ਹੋਰ ਵੀ ਖਾਸ

ਲੁਧਿਆਣਾ, 24 ਜਨਵਰੀ (ਸਚਦੇਵਾ)-ਰੋਮਾਂਸ ਦੇ ਮੌਸਮ ਦਾ ਜਾਦੂ ਇੱਕ ਵਾਰ ਫਿਰ ਚੜ੍ਹ ਰਿਹਾ ਹੈ ਅਤੇ ਇਸ ਦਿਨ ਆਪਣੇ ਕਿਸੀ ਖਾਸ ਨੂੰ ਇੱਕ ਖਾਸ ਉਪਹਾਰ ਦੇਣ ਦਾ ਚਲਨ ਸਦੀਆਂ ਤੋਂ ਚਲਿਆਂ ਆ ਰਿਹਾ ਹੈ। ਇਸ ਦੇ ਵਿੱਚ ਇਕਦਮ ਹੀ ਉਪਹਾਰ ਚੁਣਨਾ ਅਤੇ ਉਸ ਨੂੰ ਦੇਖ ਕੇ ਪ੍ਰੀਤਮ ਦੇ ਚਿਹਰੇ 'ਤੇ ਉਭਰਦੇ ਸੰਤੁਸ਼ਿਟੀ ਅਤੇ ਖੁਸ਼ੀ ਦੇ ਮਨੋਭਾਵਾਂ ਨੂੰ ਪੜ੍ਹਨਾ ਬਹੁਤ ਯਾਦਗਾਰ ਅਨੁਸਾਰ ਹੁੰਦਾ ਹੈ। ਜੇਕਰ ਤੁਸੀਂ ਉਨ੍ਹਾਂ ਦੇ ਵਿੱਚੋਂ ਹੋ ਜੋ ਹੁਣ ਤੱਕ ਵੀ ਨਹੀਂ ਤਹਿ ਕਰ ਪਾਏ ਹਨ ਕਿ ਪਾਟਨਰ ਨੂੰ ਕਿਸ ਤਰ੍ਹਾਂ ਦਾ ਤੋਹਫਾ ਦਿੱਤਾ ਜਾਵੇ, ਜਿਸ ਦੇ ਨਾਲ ਦੇ ਨਾਲ ਤੁਹਾਡਾ ਬਜਟ ਵੀ ਨਾ ਬਿਗੜੇ ਤਾਂ ਫਿਰ ਟਾਈਟਨ ਦੀ 'ਲੋਡੇਡ ਵਿਦ ਲਵ' ਆਫਰ ਤੋਂ ਬਿਹਤਰ ਵਿਕਲਪ ਕੋਈ ਹੋ ਹੀ ਨਹੀਂ ਸਕਦਾ। ਅੱਜ ਹੀ ਆਪਣੇ ਨਜ਼ਦੀਕੀ ਵਰਲਡ ਆਫ ਟਾਈਟਨ ਸ਼ੋਅ ਰੂਮ ਵਿੱਚ ਜਾਓ ਅਤੇ ਇਸ ਪੇਸ਼ਕਸ਼ ਦਾ ਲਾਭ ਉਠਾਉ।

# ਘਰੇਲੂ ਐੱਨ. ਆਰ. ਐੱਸ. ਅਤੇ ਟਿਊਬਵੈੱਲ ਖਪਤਕਾਰ ਲਈ ਲੋੜ ਵਧਾਉਣ ਸੰਬੰਧੀ ਪਿੰਡ-ਪਿੰਡ ਲੱਗੇ ਕੈਂਪ

ਸਮਾਲਸਰ, 24 ਜਨਵਰੀ (ਪੱਤਰ ਪ੍ਰੇਰਕ)-ਪੰਜਾਬ ਰਾਜ ਬਿਜਲੀ ਬੋਰਡ ਵੱਲੋਂ ਵਲੰਟਰੀ ਡਿਸਕਲੋਜ਼ਰ ਸਕੀਮ ਅਧੀਨ ਘਰੇਲੂ ਐੱਨ.ਆਰ.ਐੱਸ. ਅਤੇ ਟਿਊਬਵੈੱਲ ਖਪਤਕਾਰਾਂ ਲਈ ਆਪਣਾ ਲੋਡ ਵਧਾਉਣ ਸਕੀਮ ਅਧੀਨ ਸਬ-ਡਵੀਜ਼ਨ ਸਮਾਲਸਰ ਦੇ ਐੱਸ.ਡੀ.ਓ. ਜਗਤਾਰ ਸਿੰਘ ਦੀ ਅਗਵਾਈ ਹੇਠ ਉਪ ਮੰਡਲ ਸਮਾਲਸਰ ਅਧੀਨ ਸਬ ਸਟੇਸ਼ਨਾਂ ਅਤੇ ਪਿੰਡਾਂ ਵਿੱਚ ਲੋਕਾਂ ਦੀ ਸਹੂਲਤ ਲਈ ਕੈਂਪ ਲਗਾ ਕੇ ਖਪਤਕਾਰਾਂ ਨੂੰ ਪੂਰੀ ਜਾਣਕਾਰੀ ਦੇ ਕੇ ਲੋਡ ਵਧਾਇਆ ਜਾ ਰਿਹਾ ਹੈ, ਇਸ ਸੰਬੰਧੀ ਪਿੰਡ ਰੋਡੇ ਵਿਖੇ ਕੈਂਪ ਲਾਇਆ ਗਿਆ, ਜਿਸ ਵਿੱਚ ਖਪਤਕਾਰਾਂ ਵਿੱਚ ਭਾਰੀ ਉਤਸ਼ਾਹ ਪਾਇਆ ਗਿਆ। ਇਸ ਸੰਬੰਧੀ ਪਿੰਡ ਰੋਡੇ ਵਿਖੇ ਜਾਣਕਾਰੀ ਦਿੰਦੇ ਹੋਏ ਐੱਸ.ਡੀ.ਓ. ਜਗਤਾਰ ਸਿੰਘ ਨੇ ਦੱਸਿਆ ਕਿ ਇਹ ਸਕੀਮ ਪਹਿਲਾ 31-12-09 ਤੱਕ ਸੀ, ਹੁਣ ਵਧਾ ਕੇ 31 ਜਨਵਰੀ ਤੱਕ ਕਰ ਦਿੱਤੀ ਗਈ ਹੈ ਤਾਂ ਕਿ ਖਪਤਕਾਰ ਆਪਣਾ ਲੋਡ ਵਧਾ ਸਕਣ ਅਤੇ ਇਸ ਸੰਬੰਧੀ ਵੱਖ-ਵੱਖ ਫੀਡਰਾਂ ਤੇ ਕੰਮ ਕਰਦੇ ਜੇ.ਈ. ਦੀਆਂ ਵੀ ਡਿਊਟੀਆਂ ਲਗਾਈਆਂ ਗਈਆਂ, ਜਿਸ ਵਿੱਚ ਲਖਵਿੰਦਰ ਸਿੰਘ ਜੇ ਈ, ਜੇ ਈ ਗੁਰਪ੍ਰੀਤ ਸਿੰਘ, ਜੇ ਈ ਜਸਵੰਤ ਸਿੰਘ ਤੇ ਹੋਰ ਕਰਮਚਾਰੀ ਨਾਲ ਸਹਾਇਕ ਐੱਸ.ਡੀ.ਓ., ਕੇ.ਕੇ. ਕਾਂਸਲ ਵੀ ਇਸ ਸਕੀਮ ਦੀ ਦੇਖ-ਰੇਖ ਕਰ ਰਹੇ ਹਨ। ਅੱਜ ਰੋਡੇ ਡੇਮਰੂ ਕਲਾਂ ਡੇਮਰ ਖੁਰਦ ਦੇ ਖਪਤਕਾਰ ਨੇ ਹਿੱਸਾ ਲਿਆ। ਇਸ ਸੰਬੰਧੀ ਸੋਮਵਾਰ ਨੂੰ ਪਿੰਡ ਲੰਡੇ ਅਤੇ ਵੈਰੋਕੇ ਵਿਖੇ ਵੀ ਕੈਂਪ ਲਗਾ ਕੇ ਖਪਤਕਾਰਾਂ ਦੀ ਸਹੂਲਤ ਲਈ ਲੋਡ ਵਧਾਇਆ ਜਾਵੇਗਾ।

## ਕੁਹਾੜਾ ਤੋਂ ਚੱਲਿਆ ਨਗਰ ਕੀਰਤਨ 29 ਜਨਵਰੀ ਨੂੰ ਕਈ ਪਿੰਡਾਂ 'ਚੋਂ ਲੰਘੇਗਾ

ਕੁਹਾੜਾ, 24 ਜਨਵਰੀ (ਗੁਰਨਾਮ)-ਸ਼੍ਰੋਮਣੀ ਭਗਤ ਰਵਿਦਾਸ ਜੀ ਦੇ ਪ੍ਰਕਾਸ਼ ਉਤਸਵ ਦੇ ਸੰਬੰਧ ਵਿੱਚ ਕੁਹਾੜਾ ਦੀ ਸੰਗਤ ਵੱਲੋਂ 29 ਜਨਵਰੀ ਨੂੰ ਨਗਰ ਕੀਰਤਨ ਸਜਾਇਆ ਜਾਵੇਗਾ। ਸਾਬਕਾ ਸਰਪੰਚ ਸ੍ਰ. ਨਛੱਤਰ ਸਿੰਘ ਅਨੁਸਾਰ ਨਗਰ ਕੀਰਤਨ ਸਵੇਰੇ 8 ਵਜੇ ਕੁਹਾੜਾ ਗੁਰਦੁਆਰਾ ਸੰਗਤਸਰ ਸਾਹਿਬ ਤੋਂ ਹੁੰਦਾ ਹੋਇਆ ਜੰਡਿਆਲੀ ਦੇ ਗੁਰਦੁਆਰਾ ਮੰਜੀ ਸਾਹਿਬ ਗੁਰਦੁਆਰਾ ਸਾਹਿਬ, ਗੁਰਦੁਆਰਾ ਦਮਦਮਾ ਸਾਹਿਬ ਸਾਹਨੇਵਾਲ, ਕਨੇਚ, ਹਾਮਪੁਰ ਤੋਂ ਗੁਰਦੁਆਰਾ ਦੇਗਸਰ ਸਾਹਿਬ ਕਟਾਣਾ ਸਾਹਿਬ ਪੁੱਜੇਗਾ। ਵਾਪਸੀ ਤੇ ਕਟਾਣੀ ਕਲਾਂ, ਛੰਦੜਾ ਤੋਂ ਹੋ ਕੇ ਨਗਰ ਕੀਰਤਨ ਗੁਰਦੁਆਰਾ ਸੰਗਤਸਰ ਕੁਹਾੜਾ ਵਿਖੇ ਸੰਪੂਰਨ ਹੋਵੇਗਾ।

## ਦੂਸਰਾ ਮੈਡੀਕਲ ਚੈੱਕਅੱਪ ਕੈਂਪ ਲਗਾਇਆ

ਮੋਰਿੰਡਾ, 24 ਜਨਵਰੀ (ਪ.ਪ.)-ਸਥਾਨਕ ਰੋਟਰੈਕਟ ਕਲੱਬ ਵੱਲੋਂ ਵੀ.ਆਈ.ਵੀ. ਹਸਪਤਾਲ ਮੁਹਾਲੀ ਦੇ ਸਹਿਯੋਗ ਨਾਲ ਦੂਸਰਾ ਮੈਡੀਕਲ ਚੈੱਕਅੱਪ ਕੈਂਪ ਇੱਥੇ ਰਾਮ ਭਵਨ ਵਿਖੇ ਲਗਾਇਆ ਗਿਆ, ਜਿਸ ਵਿੱਚ ਕਰੀਬ 200 ਮਰੀਜ਼ਾਂ ਨੇ ਵੱਖ-ਵੱਖ ਬਿਮਾਰੀਆਂ ਦੀ ਜਾਂਚ ਕਰਵਾਈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਕਲੱਬ ਦੇ ਪ੍ਰਧਾਨ ਸੋਨੀ ਖਾਨ ਨੇ ਦੱਸਿਆ ਕਿ ਇਸ ਕੈਂਪ ਦੌਰਾਨ ਡਾ. ਭਾਨੂ ਪ੍ਰਤਾਪ ਐੱਮ.ਡੀ. ਅਤੇ ਰਿਮੀ ਐੱਮ.ਡੀ. ਦੁਆਰਾ ਮਰੀਜ਼ਾਂ ਦੀ ਈ.ਸੀ.ਜੀ., ਬਲੱਡ ਸ਼ੂਗਰ, ਔਰਤਾਂ ਦੀਆਂ ਵੱਖ-ਵੱਖ ਬਿਮਾਰੀਆਂ ਦੇ ਟੈੱਸਟ ਕੀਤੇ ਗਏ ਅਤੇ ਇਲਾਜ ਵੀ ਕੀਤਾ ਗਿਆ। ਲੋੜਵੰਦ ਮਰੀਜ਼ਾਂ ਨੂੰ ਦਵਾਈਆਂ ਵੀ ਮੁਫਤ ਦਿੱਤੀਆਂ ਗਈਆਂ। ਇਸ ਸਮੇਂ ਹੋਰਨਾਂ ਤੋਂ ਇਲਾਵਾ ਬਸਪਾ ਨੇਤਾ ਰਾਮ ਜੀ ਦਾਸ, ਡਾ. ਨਿਰਮਲ ਧਿਮਾਨ, ਰਾਜਵਿੰਦਰ ਸਿੰਘ, ਗੁਰਸਿਮਰਨਜੀਤ ਸਿੰਘ ਸਮੇਤ ਅਨੇਕਾ ਪਤਵੰਤੇ ਸੱਜਣ ਹਾਜ਼ਰ ਸਨ।